# ELECTION CELL

**Electoral Registration Officer,**
**AC- 093-BATHINDA RURAL(SC)**
**Gpc Btl, Civil Block, Opposite Cantonment Area Btl.**
**Email:: bathindarural093ac@gmail.com**


ਜ਼ਿੰਮੇਵਾਰ ਬਣੋ ਵੋਟਰ ਬਣੋ

**Noਚਸ/2026/ 280** **Dated: 06-02-2026**

ਵਿਖੇ,

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਬਠਿੰਡਾ।

**ਵਿਸ਼ਾ:-** **ਬੀ.ਐਲ.ਓ ਡਿਊਟੀ ਸਬੰਧੀ ।**

**ਹਵਾਲਾ:-** **ਇਸ ਦਫ਼ਤਰ ਦਾ ਪੱਤਰ ਨੰ: ਚਸ/2026/237 ਮਿਤੀ: 19-01-26 ਅਤੇ ਆਪ ਦੇ ਦਫ਼ਤਰ ਦਾ ਪੱਤਰ ਨੰ: ਜੀ-4/1 () 2026/6091 ਮਿਤੀ: 21-01-2026 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਦਫ਼ਤਰ ਵੱਲੋਂ ਸ਼੍ਰੀ ਸੁਖਦੀਪ ਸਿੰਘ (ਕਲਰਕ) ਸ.ਹ.ਸਕੂਲ ਜਨਤਾ ਨਗਰ, ਬਠਿੰਡਾ ਦੀ ਡਿਊਟੀ ਬਤੌਰ ਬੀ.ਐਲ.ਓ ਨਿਮਨਹਸਤਾਖ਼ਰ ਦੇ ਹਲਕੇ ਅਧੀਨ ਲਗਾਈ ਗਈ ਸੀ। ਜਿਸ ਸਬੰਧੀ ਆਪ ਵੱਲੋਂ ਹਵਾਲਾ ਅਧੀਨ ਪੱਤਰ ਰਾਹੀਂ ਸ਼੍ਰੀ ਪਵਿੱਤਰਗਿੱਲ ਸਿੰਘ (ਡੀ.ਪੀ.ਈ) ਸ.ਸ.ਸ.ਸਕੂਲ ਝੁੰਬਾ, ਜ਼ਿਲ੍ਹਾ ਬਠਿੰਡਾ ਦਾ ਨਾਮ ਬਦਲਵੇਂ ਪ੍ਰਬੰਧ ਵਜੋਂ ਭੇਜਿਆ ਗਿਆ ਸੀ। ਆਪ ਨੂੰ ਦੱਸਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਦੀ ਲਗਾਤਾਰ ਸੁਧਾਈ/ਵੋਟਰ ਮੈਪਿੰਗ ਅਤੇ ਅਗਾਮੀ SIR ਦਾ ਕੰਮ ਚੱਲ ਰਿਹਾ ਹੈ।ਪਰੰਤੂ ਅੱਜ ਮਿਤੀ: 06-02-2026 ਤੱਕ ਇਸ ਕਰਮਚਾਰੀ ਵੱਲੋਂ ਇਸ ਦਫ਼ਤਰ ਵਿਖੇ ਆਪਣੀ ਹਾਜ਼ਰੀ ਰਿਪੋਰਟ ਪੇਸ਼ ਨਹੀਂ ਕੀਤੀ ਗਈ ਹੈ। ਜਿਸ ਕਾਰਨ ਚੋਣਾਂ ਪ੍ਰਤੀ ਅਹਿਮ ਕੰਮ ਦਾ ਹਰਜਾ ਹੋ ਰਿਹਾ ਹੈ।

ਸੋ ਉਕਤ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੇ ਅਹਿਮ ਕੰਮ ਦੀ ਗੰਭਰਤਾ ਨੂੰ ਦੇਖਦੇ ਹੋਏ ਕਰਮਚਾਰੀ ਨੂੰ **ਇਸ ਦਫ਼ਤਰ ਵਿਖੇ ਮਿਤੀ: 09-02-2026 ਨੂੰ ਸਵੇਰੇ 11:00 ਵਜੇ ਤੱਕ ਹਰ ਹਾਲਤ ਵਿੱਚ ਇਸ ਦਫ਼ਤਰ ਵਿਖੇ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰਨ ਲਈ ਪਾਬੰਦ ਕੀਤਾ ਜਾਵੇ।** ਕਿਸੇ ਕਿਸਮ ਦੀ ਅਣਗਹਿਲੀ ਦੀ ਸੂਰਤ ਵਿੱਚ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਅਧੀਨ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**ਚੋਣਕਾਰ ਰਜਿਸਟਰੇਸ਼ਨ ਅਫ਼ਸਰ,**
**093 ਬਠਿੰਡਾ ਦਿਹਾਤੀ ।**

**ਪਿੱਠ ਅੰਕਣ ਨੰ: 281** **ਮਿਤੀ: 06-02-2026**

ਇਸ ਦਾ ਇੱਕ ਉਤਾਰਾ:
1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿੱਤ।

**ਚੋਣਕਾਰ ਰਜਿਸਟਰੇਸ਼ਨ ਅਫ਼ਸਰ,**
**093 ਬਠਿੰਡਾ ਦਿਹਾਤੀ ।**

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 7023 ਮਿਤੀ: 06/02/26

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਸਸਸਸ ਝੁੰਬਾ ਨੂੰ, ਲਿਖਕੇ ਭੇਜਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਉਕਤ ਅਨੁਸਾਰ ਲਗਾਈ ਗਈ ਡਿਊਟੀ ਲਈ ਪਾਬੰਦ ਕਰਨਾ ਯਕੀਨੀ ਬਣਾਇਆ ਜਾਵੇ।

ਤੁਰੰਤ ਡਿਊਟੀ ਤੇ ਹਾਜ਼ਰ ਕਰਵਾਓ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ